**Proceedings of the meeting of the Commission held on 21.06.2021 under the Chairmanship of Prof. Emanual Nahar, Chairman.**

ਮੀਟਿੰਗ ਵਿਚ ਹੇਠ ਲਿਖੇ ਅਧਿਕਾਰੀ/ਮੈਂਬਰ ਸ਼ਾਮਲ ਹੋਏ :-

1. ਸ੍ਰੀ ਮੁਹੰਮਦ ਰਫੀ : ਸੀਨੀਅਰ ਵਾਈਸ-ਚੇਅਰਮੈਨ
2. ਸ੍ਰੀ ਹੰਸ ਰਾਜ : ਵਾਈਸ-ਚੇਅਰਮੈਨ
3. ਸ੍ਰੀ ਅਹਿਮਦ ਅੱਲੀ ਗੁੱਡੂ : ਮੈਂਬਰ
4. ਸ੍ਰੀ ਗੁਲਾਮ ਹੁਸੈਨ : ਮੈਂਬਰ
5. ਸ੍ਰੀ ਬਹਾਦਰ ਖਾਨ : ਮੈਂਬਰ
6. ਸ੍ਰੀ ਨਾਸਿਰ ਹਸਨ ਸਲਮਾਨੀ : ਮੈਂਬਰ
7. ਸ੍ਰੀ ਲਾਲ ਹੁਸੈਨ ਮੈਂਬਰ : ਮੈਂਬਰ
8. ਸ੍ਰੀ ਸੁਭਾਸ਼ ਮਸੀਹ ਥੋਬਾ : ਮੈਂਬਰ

**ਮੀਟਿੰਗ ਦੀ ਕਾਰਵਾਈ :**

ਪ੍ਰੋ: ਇਮਾਨੂੰਏਲ ਨਾਹਰ, ਚੇਅਰਮੈਨ, ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੀ ਅਗਵਾਈ ਹੇਠ ਕਮਿਸ਼ਨ ਦੀ ਮੀਟਿੰਗ ਹੋਈ ਜਿਸ ਵਿੱਚ ਉਪਰੋਕਤ ਅਧਿਕਾਰੀ ਅਤੇ ਮੈਂਬਰ ਸ਼ਾਮਲ ਹੋਏ। ਮੀਟਿੰਗ ਦੇ ਆਰੰਭ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਕੈਪਟਨ ਅਮਰਿੰਦਰ ਸਿੰਘ ਜੀ, ਮਾਨਯੋਗ ਮੁੱਖ ਮੰਤਰੀ ਜੀ ਵੱਲੋਂ ਈਦ ਉੱਲ ਫਿਤੱਰ ਦੇ ਪਵਿੱਤਰ ਤਿਉਹਾਰ ਤੇ ਮਲੇਰਕੋਟਲਾ ਨੂੰ ਨਵਾਂ ਜ਼ਿਲ੍ਹਾ ਘੋਸ਼ਿਤ ਕਰਨ ਦੇ ਫੈਸਲੇ ਦਾ ਅਭਾਰ, ਸ਼ੁਕਰੀਆ ਅਤੇ ਖੁਸ਼ੀ ਦਾ ਇਜ਼ਹਾਰ ਕੀਤਾ ਅਤੇ ਕਮਿਸ਼ਨ ਵਲੋਂ ਇਹ ਅਹਿਸਾਸ ਕੀਤਾ ਗਿਆ ਕੇ ਇਹ ਇਹ ਨਵਾਬ ਮੁਹੰਮਦ ਸ਼ੇਰ ਖਾਨ, ਮਲੇਰਕੋਟਲਾ ਜੀ ਨੂੰ ਸੱਚੀ ਸ਼ਰਧਾਂਜਲੀ ਹੈ ਜੋ ਕਿ ਸਾਂਝੀਵਾਲਤਾ ਦੇ ਪ੍ਰਤੀਕ ਸਨ, ਜ਼ਿਨਾ ਨੇ ਸਹਿਬਜ਼ਾਦਿਆਂ ਦੀ ਸ਼ਹਾਦਤ ਸਮੇਂ ਹਾਅ ਦਾ ਨਾਹਰਾ ਮਾਰਿਆ ਸੀ।

**Agenda Item No.1** Backward Clusters of Minority Concentration Villages (CoV) - Identification of cluster of villages.

**PSMC, Resolution (Decision) dated 21.06.2021**

ਪ੍ਰਧਾਨ ਮੰਤਰੀ ਜਨ ਵਿਕਾਸ ਕਾਰਯਾ ਕਰਮ (Pardhan Mantri Jan Vikas Karyakram) ਦੇ ਪੈਰ੍ਹਾ 5.1 (B ) ਅਨੁਸਾਰ ਜਿਹੜੇ ਪਿੰਡਾਂ ਵਿਚ ਘੱਟ ਗਿਣਤੀ ਭਾਈਚਾਰਿਆਂ ਦੀ ਆਬਾਦੀ 25% ਹੈ ਅਤੇ ਜੋ 5 ਕਿਲੋਮੀਟਰ ਦੇ ਦਾਇਰੇ ਵਿੱਚ ਆਉਂਦੇ ਹਨ ਅਤੇ ਐਮ.ਸੀ.ਬੀ.ਐਸ. (Minority Concentration Blocks) ਅਧੀਨ ਨਹੀਂ ਆਉਂਦੇ ਨੂੰ Backward Clusters of Minority Concentration Villages (COV) ਘੋਸ਼ਿਤ ਕੀਤਾ ਜਾਵੇ ਤਾਂ ਜੋ ਉਹਨਾਂ ਪਿੰਡਾਂ ਦੇ ਘੱਟ ਗਿਣਤੀ ਭਾਈਚਾਰਿਆਂ ਦੇ ਲੋਕਾਂ ਨੂੰ ਵੀ ਸਰਕਾਰ ਦੁਆਰਾ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਦਾ ਲਾਭ ਪ੍ਰਾਪਤ ਹੋ ਸਕੇ। ਕਮਿਸ਼ਨ ਦੁਆਰਾ ਸਰਬ ਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ

ਇਸ ਸਬੰਧ ਵਿਚ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਲਿਖਿਆ ਜਾਵੇ ਕਿ ਅਜਿਹੇ ਪਿੰਡਾਂ ਦਾ ਸਰਵੇ ਕਰਵਾਕੇ ਤਜਵੀਜ਼ ਤਿਆਰ ਕਰਕੇ ਡਾਇਰੈਕਟਰ, ਸਮਾਜਿਕ ਨਿਆਂ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਚੰਡੀਗੜ੍ਹ ਨੂੰ ਭੇਜੀ ਜਾਵੇ। ਇਹ ਤਜਵੀਜ਼ ਭਾਰਤ ਸਰਕਾਰ , ਮਨੀਸਟਰੀ ਆਫ ਮਾਈਨੋਰਟੀ ਅਫੈਅਰਜ਼ ਨੂੰ ਪ੍ਰਵਾਨਗੀ ਲਈ ਭੇਜੀ ਜਾਵੇਗੀ।

**Agenda Item No. 2-** Grant of Minority Status/N.O.C to the Minority Educational Institutions- cases pending in the office of Director, Secondary Education, Punjab.

**PSMC, Resolution (Decision) dated 21.06.2021**

ਘੱਟ ਗਿੱਣਤੀ ਭਾਈਚਾਰੇ ਦੀਆਂ ਵਿਦਿਅਕ ਸੰਸਥਾਵਾਂ ਨੂੰ **Minority Status Certificate** ਦੇਣ ਸਬੰਧੀ ਆ ਰਹੀਆਂ ਮੁਸ਼ਕਲਾਂ ਅਤੇ ਸਿਖਿਆ ਵਿਭਾਗ ਵਿੱਚ ਲੰਬਿਤ ਕੇਸਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਕਮਿਸ਼ਨ ਨੇ ਸਰਬ ਸੰਮਤੀ ਨਾਲ ਪ੍ਰਵਾਨ ਕੀਤਾ ਕਿ **Minority Status Certificate** ਦੇਣ ਸਬੰਧੀ ਨੈਸ਼ਨਲ ਕਮਿਸ਼ਨ ਦੀ ਤਰ੍ਹਾਂ ਤੁਰੰਤ ਪਾਲਸੀ ਤਿਆਰ ਕਰਕੇ ਸਰਕਾਰ ਤੋਂ ਪ੍ਰਵਾਨ ਕਰਵਾ ਕੇ ਜ਼ਾਰੀ ਕੀਤੀ ਜਾਵੇ ਅਤੇ **Minority Status Certificate** ਦੇਣ ਸਬੰਧੀ ਕੇਸਾਂ ਨੂੰ ਵਿਚਾਰਨ ਲਈ ਇੱਕ ਕਮੇਟੀ ਦਾ ਗਠਨ ਕੀਤਾ ਜਾਵੇ, ਜਿਸ ਵਿੱਚ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਨੂੰ ਵੀ ਪ੍ਰਤੀਨਿਧਤਾ ਦਿੱਤੀ ਜਾਵੇ ਤਾਂ ਜੋ **Minority Status Certificate** ਦੇਣ ਸਬੰਧੀ ਕੇਸਾਂ ਦਾ ਤੁਰੰਤ ਨਿਪਟਾਰਾ ਕੀਤਾ ਜਾ ਸਕੇ।

**Agenda Item No. 3** Approval for the free distributions of Booklet on WELFARE SCHEMES & PROGRAMMES FOR MINORITIES, published by the Commission.

**PSMC, Resolution (Decision) dated 21.06.2021**

ਪ੍ਰੋ: ਇੰਮਾਨੂੰਏਲ ਨਾਹਰ, ਚੇਅਰਮੈਨ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੁਆਰਾ ਬੁਕਲੈਟ ਤਿਆਰ ਕੀਤੀ ਗਈ ਹੈ, ਜਿਸ ਵਿੱਚ **Welfare Schems and Programmews for Minorities** ਬਾਰੇ ਵਿਸਥਾਰ-ਪੂਰਬਕ ਜਾਣਕਾਰੀ ਦਿੱਤੀ ਗਈ ਹੈ। ਬੁੱਕਲੈਟ ਦੀ ਛਪਾਈ ਕੰਟਰੋਲਰ, ਛਪਾਈ ਅਤੇ ਸਟੇਸ਼ਨਰੀ ਵਿਭਾਗ ਤੋਂ ਇਸ ਦੀਆਂ 1000 ਕਾਪੀਆਂ ਛਪਵਾਈਆਂ ਗਈਆਂ ਹਨ । ਇੱਕ ਬੁੱਕਲੈਟ ਤੇ 63.32 ਰੁਪਏ ਦਾ ਖਰਚਾ ਆਇਆ ਹੈ। ਇਹ ਬੁੱਕਲੈਟ ਵਿੱਚ ਬਹੁਤ ਮਹੱਤਵ ਪੂਰਣ ਜਾਣਕਾਰੀ ਦਿੱਤੀ ਗਈ ਹੈ ਜੋ ਕਿ ਵਿਦਿਅਕ ਅਦਾਰਿਆਂ ਅਤੇ ਆਮ ਜਨਤਾ ਲਈ ਬਹੁੱਤ ਹੀ ਲਾਭਦਾਇਕ ਹੈ। ਇਸ ਦੀ ਕੋਈ ਕੀਮਤ ਨਹੀਂ ਰੱਖੀ ਗਈ। ਇਸ ਲਈ ਕਮਿਸ਼ਨ ਨੇ ਸਰਬ

ਸੰਮਤੀ ਨਾਲ ਇਹ ਫੈਸਲਾ ਲਿਆ ਕਿ ਇਹ ਬੁੱਕਲੈਟ ਦੀ ਕਮਿਸ਼ਨ ਦੇ ਮੈਂਬਰਾਂ, ਵਿਦਿਅਕ ਅਦਾਰਿਆਂ ਅਤੇ ਹੋਰ ਮਹੱਤਵ ਪੂਰਨ ਦਫਤਰਾਂ ਨੂੰ ਬਿਨਾਂ ਕੋਈ ਕੀਮਤ ਲਏ ਮੁਫੱਤ ਵਿੱਚ ਵੰਡੀ ਜਾਵੇ।

**Agenda Item No.4** Graveyards problems being faced by the Minorities in the State of Punjab and also made a request to Hon'ble Chief Minister, Punjab to provide funds of Rs.75 crores for Maintenance etc.

**PSMC, Resolution (Decision) dated 21-06-2021**

ਕਮਿਸ਼ਨ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਸਰਕਾਰ ਦੁਆਰਾ ਜ਼ਾਰੀ ਕੀਤੀਆਂ ਗਈਆਂ ਹਦਾਇਤਾਂ ਦੇ ਬਾਵਜ਼ੂਦ ਵੀ ਬਹੁਤ ਸਾਰੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਜਿੱਥੇ ਘੱਟ ਗਿਣਤੀ ਭਾਈਚਾਰੇ ਦੀ ਆਬਾਦੀ ਬਹੁੱਤ ਹੈ ਪਰੰਤੂ ਉਥੇ ਹਾਲੇ ਤੱਕ ਕਬਰਸਤਾਨ ਲਈ ਕੋਈ ਜਗ੍ਹਾ ਮੁਹੱਈਆਂ ਨਹੀਂ ਕੀਤੀ ਗਈ।

ਪ੍ਰੋ: ਇੰਮਾਨੂੰਏਲ ਨਾਹਰ, ਚੇਅਰਮੈਨ ਜੀ ਵੱਲੋ ਇਸ ਸਬੰਧ ਵਿੱਚ ਵਿਸਥਾਰ-ਪੂਰਬਕ ਸਥਿਤੀ ਦੱਸਦੇ ਹੋਏ ਮਾਨਯੋਗ ਮੁੱਖ ਮੰਤਰੀ ਜੀ ਨੂੰ ਇੱਕ ਪੱਤਰ ਨੰ: 673 ਮਿਤੀ 24-5-2021 ਨੂੰ ਲਿਖਿਆ ਗਿਆ ਹੈ। ਵਿਚਾਰ ਵਟਾਂਦਰੇ ਉਪਰੰਤ ਇਸ ਮਾਮਲੇ ਵਿੱਚ ਹੇਠ ਲਿਖੇ ਅਨੁਸਾਰ ਫੈਸਲੇ ਕੀਤੇ ਗਏ:-

(1) 10 ਤੋਂ 25 ਕਿਲੋਮੀਟਰ ਦੇ ਅੰਦਰ ਅੰਦਰ, ਘੱਟ ਗਿਣਤੀ ਭਾਈਚਾਰੇ ਦੀ ਆਬਾਦੀ ਨੂੰ ਧਿਆਨ ਵਿੱਚ ਰੱਖਦੇ ਹੋਏ ਕਬਰਸਤਾਨ ਲਈ ਜਗ੍ਹਾ ਜ਼ਰੂਰ ਅਲਾਟ ਕੀਤੀ ਜਾਵੇ।

(2) ਕਬਰਸਤਾਨ ਨੂੰ ਅਲਾਟ ਕੀਤੀ ਗਈ ਜਗ੍ਹਾ ਭਾਵੇਂ ਉਹ ਪੰਚਾਇਤ ਦੀ ਸ਼ਾਮਲਾਟ ਹੋਵੇ, ਜਾਂ ਦਾਨ ਕੀਤੀ ਹੋਵੇ, ਮਿਉਂਸਪਲ ਕਮੇਟੀ ਜਾਂ ਵਾਕਫ ਬੋਰਡ ਦੁਆਰਾ ਦਿੱਤੀ ਗਈ ਹੋਵੇ ਜ਼ਮੀਨ ਦਾ ਦੁਬਾਰਾ ਮਤਾ ਪਾਸ ਕਰਕੇ ਨਾਂ ਤਾਂ ਵਾਪਿਸ ਕੀਤੀ ਜਾ ਸਕਦੀ ਹੈ ਨਾਂ ਇਸ ਦਾ ਕੋਈ ਵੀ ਹਿੱਸਾ ਕਿਸੇ ਹੋਰ ਮੰਤਵ ਲਈ ਵਰਤਿਆ ਜਾਂ ਵੇਚਿਆ ਜਾਵੇਗਾ।

(2 ਏ) ਉਪਰੋਕਤ ਏਜੰਸੀਆਂ/ਸੰਸਥਾਵਾਂ (Agencies/Institutions) ਦੁਆਰਾ ;ਅਲਾਟ ਕੀਤੀ ਗਈ ਜ਼ਮੀਨ ਬਿਲਕੁਲ ਸਾਂਝੀ ਜ਼ਮੀਨ ਹੋਵੇਗੀ ਕਿਸੇ ਵੀ ਚਰਚ ਜਾਂ ਮਿਸ਼ਨ ਦਾ ਇਸ ਤੇ ਇਕੱਲਿਆਂ ਅਧਿਕਾਰ ਨਹੀਂ ਹੋਵੇਗਾ।

(3) ਪੰਜਾਬ ਵਿੱਚ ਜਿਥੇ ਵੀ ਕਬਰਸਤਾਨ ਉਪਲਭਧ ਹਨ ਉਨ੍ਹਾਂ ਤੇ ਨਜ਼ਾਇਜ਼ ਕਬਜ਼ੇ ਰੋਕਣ ਲਈ ਉਨ੍ਹਾਂ ਦੀ ਚਾਰ ਦਿਵਾਰੀ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਸੁੰਦਰ ਬਣਾਉਣ ਲਈ ਪਾਣੀ ਅਤੇ ਹੋਰ ਮੁਰੰਮਤ ਦਾ ਕੰਮ ਵੀ ਤੁਰੰਤ ਕਰਵਾਉਣ ਲਈ ਸਰਕਾਰ ਨੂੰ ਲਿਖਿਆ ਜਾਵੇ।

(4) ਜ਼ਿਲਿਆਂ ਵਿੱਚ ਜਿਥੇ ਘੱਟ ਗਿਣਤੀ ਭਾਈਚਾਰੇ ਦੀ ਆਬਾਦੀ ਜ਼ਿਆਦਾ ਹੈ ਬਾਰੇ ਫੈਸਲਾ ਲਿਆ ਗਿਆ ਹੈ ਕਿ ਜਿਨ੍ਹਾ ਪਿੰਡਾਂ ਅਤੇ ਸ਼ਹਿਰਾਂ ਵਿੱਚ ਇਸਾਈ ਅਤੇ ਮੁਸਲਿਮ ਭਾਈਚਾਰੇ ਲਈ ਕਬਰਸਥਾਨ ਨਹੀਂ ਹਨ ਬਾਰੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਲਿਖਿਆ ਜਾਵੇਗਾ ਕਿ ਉਹ ਪਿੰਡ ਦੀ ਸ਼ਾਮਲਾਟ ਜ਼ਮੀਨ ਵਿਚੋਂ ਕਬਰਸਤਾਨ ਲਈ ਜਗ੍ਹਾ ਮੁਹਈਆ ਕਰਵਾਉਣ ਤਾਂ ਜੋ ਘੱਟ ਗਿਣਤੀ ਭਾਈਚਾਰੇ ਦੁਆਰਾ ਆਪਣੇ ਸਕੇ ਸਬੰਧੀ ਦੀ ਅੰਤਮ ਵਿਦਾਇਗੀ ਧਾਰਮਿਕ ਰਹੁ ਰੀਤਾਂ ਮੁਤਾਬਿਕ ਕੀਤੀ ਜਾ ਸਕੇ।

(5) ਮੁਸਲਿਮ ਭਾਈਚਾਰੇ ਨੂੰ ਜਿੱਥੇ ਕਿਤੇ ਵੀ ਵਕਫ ਬੋਰਡ ਦੁਆਰਾ ਕਬਰਸਤਾਨ ਲਈ ਜਗ੍ਹਾ ਅਲਾਟ ਕੀਤੀ ਗਈ ਹੈ, ਉਸਦੀ ਚਾਰ ਦਿਵਾਰੀ ਅਤੇ ਹੋਰ ਰੱਖ ਰੱਖਾਵ ਅਤੇ ਉਨ੍ਹਾਂ ਨੂੰ ਸੁੰਦਰ ਬਣਾਉਣ ਲਈ ਵਕਫ ਬੋਰਡ ਨੂੰ ਲਿਖਿਆ ਜਾਵੇ।

**Agenda Item No. 5.** Provision of a chowk in the name of Christ/Mother Teresa in various district of the State of Punjab.

**PSMC, Resolution (Decision dated 21-06-2021**

ਕਮਿਸ਼ਨ ਦੁਆਰਾ ਇਹ ਵੀ ਫੈਸਲਾ ਕੀਤਾ ਗਿਆ ਕਿ ਜਿਨ੍ਹਾ ਜ਼ਿਲ੍ਹਿਆ ਵਿੱਚ ਘੱਟ ਗਿਣਤੀ ਭਾਈਚਾਰੇ ਦੇ ਲੋਕ ਬਹੁੱ ਗਿਣਤੀ ਵਿੱਚ ਰਹਿੰਦੇ ਹਨ ਉਨ੍ਹਾਂ ਜ਼ਿਲ੍ਹਿਆਂ ਵਿੱਚ ਕਰਾਈਸਟ/ ਮਦਰ ਟਰੇਸਾ ਦੇ ਨਾਂ ਤੇ ਯਾਦਗਾਰੀ ਚੋਕ, ਲਾਇਬਰੇਰੀ ਅਤੇ ਮਿਨਾਰ ਬਣਾਏ ਜਾਣ। ਇਸ ਸਬੰਧ ਵਿੱਚ ਪੰਜਾਬ ਸਰਕਾਰ ਨੂੰ ਲਿਖਿਆ ਜਾਵੇ।

**Agenda Item No. 6** Demand Charter of Christian United Federation (Regd.) Ludhiana.

**PSMC. Resolution (Decision dated 21-06-2021**

Christian United Federation (Regd.). Ludhiana ਵਲੋਂ ਲੁਧਿਆਣਾ ਜ਼ਿਲੇ ਦੀਆਂ 21 ਮੰਗਾ ਦਾ ਡੀਮਾਂਡ ਚਾਰਟਰ ਭੇਜਿਆ ਗਿਆ ਸੀ ਕਮਿਸ਼ਨ ਵਲੋਂ ਫੈਸਲਾ ਲਿਆ ਗਿਆ ਹੈ ਕਿ ਮੰਗਾਂ ਸਬੰਧਤ ਵਿਭਾਗਾਂ ਨੂੰ ਕਾਰਵਾਈ ਲਈ ਭੇਜ ਦਿੱਤੀਆਂ ਜਾਣ।

**Agenda Item No. 7** Restoring Bhagwan Mahavir Chair in Punjabi University, Patiala.

**PSMC. Resolution (Decision dated 21-06-2021**

ਕਮਿਸ਼ਨ ਵਲੋਂ ਸਰਬ ਸੰਤਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਭਗਵਾਨ ਮਹਾਂਵੀਰ ਚੇਅਰ ਮੁੜ revive ਕਰਨ ਲਈ ਪੱਤਰ ਲਿਖਿਆ ਜਾਵੇ।

**Agenda Item No. 8** To declare the Haveli of Diwan Todermal in Sirhind as heritage building.

**PSMC. Resolution (Decision dated 21-06-2021**

ਕਮਿਸ਼ਨ ਦੁਅਰਾ ਮਤਾ ਪਾਸ ਕੀਤਾ ਗਿਆ ਕਿ ਦਿਵਾਨ ਟੋਡਰਮੱਲ ਦੀ ਹਵੇਲੀ ਜੋ ਕਿ ਸਰਹੰਦ ਵਿਖੇ ਹੈ ਨੂੰ Heritage building declare ਕਰਨ ਲਈ ਸਬੰਧਤ ਵਿਭਾਗ ਨੂੰ ਪੱਤਰ ਲਿਖਿਆ ਜਾਵੇ।

**Agenda Item No. 8** Any other matter with the permission of Chairman.

ਥਮਿਸ਼ਨ ਨੇ ਸਰਬ ਸੰਮਤੀ ਨਾਲ ਮਾਨਯੋਗ ਕੈਪਟਨ ਅਮਰਿੰਦਰ ਸਿੰਘ ਜੀ, ਮੁੱਖ ਮੰਤਰੀ ਪੰਜਾਬ ਅਤੇ ਸ਼੍ਰੀਮਤੀ ਰਜ਼ੀਆ ਸੁਲਤਾਨਾ ਜੀ, ਜਲ ਸਪਲਾਈ ਅਤੇ ਸੈਨੀਟੇਸ਼ਨ ਅਤੇ ਟਰਾਂਸਪੋਰਟ ਮੰਤਰੀ ਜੀ ( ਜੋ ਕਿ ਮਲੇਰਕੋਟਲੇ ਦੀ ਪ੍ਰਤੀਨਿਧਤਾ ਕਰ ਰਹੇ ਹਨ) ਦਾ ਮਲੇਰਕੋਟਲੇ ਵਿਖੇ ਮੈਡੀਕਲ ਕਾਲਜ਼ ਖੋਲ੍ਹੇ ਜਾਣ ਦਾ ਧੰਨਵਾਦ ਕੀਤਾ ਅਤੇ ਇਹ ਅਹਿਸਾਸ ਕੀਤਾ ਕਿ ਮਲੇਰਕੋਟਲੇ ਵਿੱਚ ਘੱਟ ਗਿਣਤੀ ਭਾਈਚਾਰੇ

ਦੀ ਆਬਾਦੀ ਜ਼ਿਆਦਾ ਹੋਣ ਕਰਕੇ ਇਹ ਉਨ੍ਹਾਂ ਲਈ ਇਕ ਵਰਦਾਨ ਸਾਬਤ ਹੋਵੇਗਾ। ਕਮਿਸ਼ਨ ਵਲੋਂ ਇਹ ਵੀ ਮੰਗ ਕੀਤੀ ਗਈ ਕਿ ਮਲੇਰਕੋਟਲੇ ਜ਼ਿਲੇ ਵਿੱਚ ਘੱਟ ਗਿਣਤੀ ਭਾਈਚਾਰੇ ਦੀ ਆਬਾਦੀ ਬਹੁੱਤ ਜ਼ਿਆਦਾ ਹੋਣ ਕਰਕੇ ਇਥੇ ਮੈਡੀਕਲ ਕਾਲਜ਼ ਵਿੱਚ ਨਿਯੁਕਤ ਕੀਤਾ ਜਾਣ ਵਾਲੇ ਸਟਾਫ ਵਿੱਚ ਘੱਟ ਗਿਣਤੀ ਭਾਈਚਾਰੇ ਨੂੰ ਵੀ ਕੁੱਝ ਪ੍ਰਤੀਸ਼ਤ ਪ੍ਰਤੀਨਿਧਤਾ ਦਿੱਤੀ ਜਾਵੇ ਅਤੇ ਉਨ੍ਹਾਂ ਲਈ ਸੀਟਾਂ ਰਾਖਵੀਆਂ ਕੀਤੀਆਂ ਜਾਣ।

**CHAIRMAN REPORT**

**ਚੇਅਰਮੈਨ** ਦੁਆਰਾ ਕਮਿਸ਼ਨ ਦੀ ਮਿਤੀ 30-12-2020 ਨੂੰ ਹੋਈ ਮੀਟਿੰਗ ਵਿੱਚ ਹੋਏ ਫੈਸਲਿਆ ਬਾਰੇ ਕੀਤੀ ਗਈ ਕਾਰਵਾਈ ਬਾਰੇ ਜਾਣੂ ਕਰਵਾਇਆ ਗਿਆ ਅਤੇ ਕਮਿਸ਼ਨ ਵਿੱਚ ਪ੍ਰਾਪਤ ਹੋਈਆਂ ਸ਼ਿਕਾਇਤਾਂ ਬਾਰੇ ਕੀਤੀ ਗਈ ਕਾਰਵਾਈ ਬਾਰੇ ਵੀ ਦਸਿਆ ਗਿਆ।

ਮੀਟਿੰਗ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ।

Emmanuel Nahar

(ਪ੍ਰੋ: ਇਮਾਨੂੰਏਲ ਨਾਹਰ)

ਚੇਅਰਮੈਨ